# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ

ਨੰ....4965..../ਸੀ.ਓ.ਈ.
ਮਿਤੀ....01/12/2020

## ਜ਼ਰੂਰੀ ਸੂਚਨਾ

ਯੂਨੀਵਰਸਿਟੀ ਵੱਲੋਂ ਸਾਰੇ ਇੰਟਰਮੀਡੀਏਟ ਕੋਰਸਾਂ ਦੀਆਂ ਕਲਾਸਾਂ ਦੇ odd ਸਮੈਸਟਰਾਂ ਦੀਆਂ ਪ੍ਰੀਖਿਆਵਾਂ ਨੇੜਲੇ ਭਵਿੱਖ ਵਿੱਚ ਕਰਵਾਈਆਂ ਜਾ ਰਹੀਆਂ ਹਨ। ਯੂਨੀਵਰਸਿਟੀ ਨਾਲ ਸਬੰਧਿਤ ਉਹ ਸਾਰੇ ਵਿਦਿਆਰਥੀ ਜਿਨਾਂ ਦੀ ਦਸੰਬਰ, 2019 ਦੀਆਂ ਪ੍ਰੀਖਿਆ ਦੇ ਨਤੀਜੇ ਉਪਰੰਤ ਰੀ-ਅਪੀਅਰ ਆਈ ਸੀ ਅਤੇ ਉਨਾਂ ਨੇ ਰੀ-ਅਪੀਅਰ ਵਾਲੇ ਪੇਪਰ ਦੇ ਪੁਨਰ-ਮੁਲਾਂਕਣ ਲਈ ਅਪਲਾਈ ਕੀਤਾ ਹੋਇਆ ਹੈ ਪਰ ਅਜੇ ਨਤੀਜਾ ਘੋਸ਼ਿਤ ਨਹੀਂ ਹੋਇਆ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਹ ਉਕਤ ਪੇਪਰ ਦੇ ਰੀ-ਅਪੀਅਰ ਲਈ ਦਸੰਬਰ, 2020 ਦਾ ਪ੍ਰੀਖਿਆ ਫਾਰਮ ਅਤੇ ਪ੍ਰੀਖਿਆ ਫ਼ੀਸ ਭਰਨਾ ਚਾਹੁੰਦੇ ਹਨ ਤਾਂ ਉਹ 16 ਦਸੰਬਰ, 2020 ਤੱਕ ਆਪਣੇ ਪ੍ਰੀਖਿਆ ਫਾਰਮ ਅਤੇ ਫ਼ੀਸ ਬਿਨਾਂ ਲੇਟ ਫ਼ੀਸ ਭਰ ਸਕਦੇ ਹਨ। ਅਜਿਹੇ ਵਿਦਿਆਰਥੀਆਂ ਨੇ ਫਾਰਮ ਆਨਲਾਈਨ ਭਰਨਾ ਹੈ ਅਤੇ ਫ਼ੀਸ ਆਫ਼ਲਾਈਨ ਭਰਕੇ ਯੂਨੀਵਰਸਿਟੀ ਵਿਖੇ ਵੈਰੀਫਾਈ ਕਰਵਾਉਣੀ ਲਾਜ਼ਮੀ ਹੋਵੇਗੀ। ਫੀਸ ਵੈਰੀਫਾਈ ਕਰਵਾਉਣ ਸਮੇਂ ਉਨਾਂ ਵੱਲੋਂ ਇਹ ਸਬੂਤ ਦਿੱਤਾ ਜਾਵੇਗਾ ਕਿ ਉਨਾਂ ਨੇ ਸਬੰਧਿਤ ਪੇਪਰ ਵਿੱਚ ਪੁਨਰ-ਮੁਲਾਂਕਣ ਲਈ ਅਪਲਾਈ ਕੀਤਾ ਹੈ। ਜੇਕਰ ਕੋਈ ਵਿਦਿਆਰਥੀ 16 ਦਸੰਬਰ, 2020 ਤੋਂ ਬਾਅਦ ਫ਼ੀਸ ਜਮ੍ਹਾਂ ਕਰਵਾਉਂਦਾ ਹੈ ਤਾਂ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਸ਼ਡਿਊਲ ਅਨੁਸਾਰ ਉਸ ਨੂੰ ਲੇਟ ਫ਼ੀਸ ਜਮ੍ਹਾਂ ਕਰਵਾਉਣੀ ਹੋਵੇਗੀ।

1/12/2020

ਕੰਟਰੋਲਰ (ਪ੍ਰੀਖਿਆਵਾਂ)